This question paper contains 2 printed pages]

**Roll No.** | | | | | | | | | | | |

| | | |
|---|---|---|
| S. No. of Question Paper | : 328 | |
| Unique Paper Code | : 212355 | **D** |
| Name of the Paper | : **Punjabi 'B' (Intermediate)** | |
| Name of the Course | : **B.A. (Programme) Punjabi Language** | |
| Semester | : **III** | |

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

ਭਾਗ ਪਹਿਲਾ

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ 15
ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ, ਜਵਾਨ ਪੰਜਾਬ ਦੇ, ਤਾਜ ਮਹੱਲ,
ਆਖਾਂ ਵਾਰਸ਼-ਸ਼ਾਹ ਨੂੰ, ਕੰਡਿਆਲੀ ਥੋਰ੍ਹ।

2. ਹੇਠ ਲਿਖੀਆਂ ਕਾਵਿ-ਟੁੱਕੜੀਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

ੳ) ਹੋ ਅਜੇ ਸੰਭਾਲ ਇਸ ਸਮੇਂ ਨੂੰ
ਕਰ ਸਫਲ ਉਡੰਦਾ ਜਾਂਵਦਾ
ਇਹ ਠਹਿਰਨ ਜਾਚ ਨ ਜਾਣਦਾ
ਲੰਘ ਗਿਆ ਨ ਮੁੜਕੇ ਆਂਵਦਾ।

ਅ) ਮੈਂ ਕਿਵੇਂ ਬੋਲਾਂ
ਮੇਰੇ ਬੋਲਣ ਤੋਂ ਪਹਿਲਾਂ ਬੋਲ ਪੈਂਦਾ ਏ ਤੇਰਾ ਅੰਨ
ਕੁਛ ਕੁ ਬੋਲ ਸਨ, ਪਰ ਅਸੀਂ ਅੰਨ ਦੇ ਕੀੜੇ,
ਤੇ ਅੰਨ ਭਾਰ ਹੇਠਾਂ - ਉਹ ਦੱਬੇ ਗਏ ਹਨ।

ੲ) ਪਰ ਹੁਣ
ਹੋਰ ਨਾ ਡੱਕੀ ਰਹਿੰਦੀ
ਹਰ ਦਮ ਜ਼ਬਤ ਨਾਲ ਹੈ ਖਹਿੰਦੀ
ਦਿਨ ਭਰ ਹੋਸ਼ ਭਟਕਦੀ
ਅੰਦਰੋਂ ਪਸਲੀਆਂ ਭੰਨਦੀ ਹੋ
ਰਾਤੀਂ ਅੱਖੀਂ ਨੀਂਦ ਨ ਪੈਂਦੀ

3. 'ਕੌਡੀਆਂ ਵਾਲਾ ਸੱਪ' ਪੁਸਤਕ ਦੇ ਰੇਖਾ-ਚਿੱਤਰਾਂ ਵਿਚੋਂ ਕਿਸੇ ਇਕ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 15

ਜਾਂ

ਬਲਵੰਤ ਗਾਰਗੀ ਦੀ ਪੁਸਤਕ 'ਕੌਡੀਆਂ ਵਾਲਾ ਸੱਪ' ਵਿਚੋਂ ਤੁਹਾਨੂੰ ਕਿਹੜਾ ਰੇਖਾ-ਚਿੱਤਰ ਸਭ ਤੋਂ ਵੱਧ ਚੰਗਾ ਲੱਗਦਾ ਹੈ ਅਤੇ ਕਿਉਂ ? ਚਰਚਾ ਕਰੋ।

P.T.O.

4. ਰੇਖਾ-ਚਿੱਤਰ ਕਿਸਨੂੰ ਕਹਿੰਦੇ ਹਨ? ਇਸ ਦੇ ਸਿਧਾਂਤ ਅਤੇ ਪਰੰਪਰਾ ਬਾਰੇ ਵਿਸਤਾਰ ਨਾਲ ਲਿਖੋ। 10

ਜਾਂ

ਪਾਠ-ਪੁਸਤਕ 'ਕੌਡੀਆਂ ਵਾਲਾ ਸੱਪ' ਨਾਲ ਸੰਬੰਧਤ ਹੇਠ ਲਿਖੇ ਲੇਖਕਾਂ ਵਿਚੋਂ . ਕਿਸੇ ਇਕ ਰੇਖਾ- ਚਿੱਤਰ ਦੀ ਵਾਰਤਕ-ਸ਼ੈਲੀ ਬਾਰੇ ਚਰਚਾ ਕਰੋ:
ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ

5. 'ਸ਼ਬਦ-ਰਚਨਾ ਕਿਸਨੂੰ ਕਹਿੰਦੇ ਹਨ? ਮੂਲ-ਸ਼ਬਦ ਅੰਤੇ ਰਚਿਤ-ਸ਼ਬਦ ਦਾ ਅੰਤਰ ਉਦਾਹਰਣਾਂ ਸਹਿਤ ਲਿਖੋ। 5

ਜਾਂ

ਹੇਠ ਲਿਖੇ ਅਗੇਤਰਾਂ ਦੇ ਦੋ-ਦੋ ਸ਼ਬਦ ਬਣਾਉ :
ਆਪ, ਹਮ, ਪਰ, ਮਹਾ, ਬਦ

6. ਕਾਰਕ ਕਿਸਨੂੰ ਕਹਿੰਦੇ ਹਨ? ਇਸਦੀਆਂ ਕਿਸੇ ਦੋ ਕਿਸਮਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਉ : 10

7. ਕਹਾਣੀ ਕਿਸਨੂੰ ਕਹਿੰਦੇ ਹਨ? ਇਸਦੀ ਰਚਨਾ ਕਿਵੇਂ ਕੀਤੀ ਜਾਂਦੀ ਹੈ? ਚਰਚਾ ਕਰੋ। 10